# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

**ਡਿਗਰੀ ਸੈਕਸ਼ਨ**

ਨੰਬਰ: 1799 | Degree
ਮਿਤੀ: 04/11/2025

## ਜਨਤਕ ਸੂਚਨਾ

ਵਿਸ਼ਾ :- ਲਿਫਾਫਿਆਂ ਦੀ ਖ਼ੀਦ ਕਰਨ ਲਈ ਕੁਟੇਸ਼ਨਾਂ ਮੰਗਵਾਉਣ ਸਬੰਧੀ।

ਰਜਿਸਟਰਾਰ ਸਾਹਿਬ ਵੱਲੋਂ ਹੋਏ ਆਦੇਸ਼ਾਂ ਦੀ ਲੋਅ ਵਿੱਚ ਡਿਗਰੀ ਸੈਕਸ਼ਨ ਵੱਲੋਂ ਵਿਦਿਆਰਥੀਆਂ ਨੂੰ ਡਿਗਰੀਆਂ ਭੇਜਣ ਲਈ ਹੇਠ ਲਿਖੇ ਅਨੁਸਾਰ ਲਿਫਾਫਿਆਂ ਦੀ ਜਰੂਰਤ ਹੈ :-

| ਕ੍ਰਮ ਅੰਕ | ਆਈਟਮ ਦਾ ਨਾਂ | ਸਾਈਜ਼ | ਗਿਣਤੀ |
|---|---|---|---|
| 1 | ਪੀਲੇ ਲਿਫਾਫੇ (ਅੰਦਰੋਂ ਲੈਮੀਨੇਟਿਡ) ਬਿਨਾਂ ਕਿਸੇ ਪ੍ਰਿੰਟਿੰਗ ਤੋਂ | 10"×12" | 4500 ਲਗਭਗ |

ਜੇਕਰ ਆਪ ਉਪਰੋਕਤ ਲਿਫਾਫੇ ਮਾਰਕਿਟ ਤੋਂ ਘੱਟੋ-ਘੱਟ ਰੇਟਾਂ ਤੇ ਦੇਣ ਦੇ ਇੱਛਾ ਰੱਖਦੇ ਹੋ ਤਾਂ ਹੇਠ ਦਰਸਾਈਆਂ ਸ਼ਰਤਾਂ ਦੇ ਅਧਾਰ ਤੇ ਕੁਟੇਸ਼ਨ ਬੰਦ ਲਿਫਾਫੇ ਵਿੱਚ (ਜਿਸ ਤੇ ਕੁਟੇਸ਼ਨ ਲਿਖਿਆ ਜਾਵੇ) ਕੰਟਰੋਲਰ (ਪ੍ਰੀਖਿਆਵਾਂ) ਦੇ ਦਫਤਰ ਵਿਖੇ ਮਿਤੀ 12/11/25 ਦਿਨ 4:00 ਵਜੇ ਤੱਕ ਦਸਤੀ ਤੌਰ ਤੇ ਭੇਜੀਆਂ ਜਾਣ।

1. ਕੁਟੇਸ਼ਨਾਂ ਤੇ ਆਇਟਮ ਦਾ ਰੇਟ ਅਤੇ GST ਸਪਸ਼ਟ ਲਿਖਿਆ ਹੋਣਾ ਚਾਹੀਦਾ ਹੈ ਅਤੇ ਕੁਲ ਰਕਮ ਦਾ ਜੋੜ ਕੀਤਾ ਹੋਣਾ ਜਰੂਰੀ ਹੈ। ਚੁਣੀ ਗਈ ਕੁਟੇਸ਼ਨ ਨੂੰ ਅਦਾਇਗੀ ਬਿੱਲ ਦੇ ਵਿਰੁੱਧ ਹੀ ਕੀਤੀ ਜਾਵੇਗੀ। ਬਿੱਲ/ ਕੁਟੇਸ਼ਨਾਂ ਕੰਟਰੋਲਰ (ਪ੍ਰੀਖਿਆਵਾਂ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਦਿੱਤੀਆਂ ਜਾਣ।
2. ਫਰਮ ਕੋਲ GST ਨੰਬਰ ਹੋਣਾ ਲਾਜ਼ਮੀ ਹੈ।
3. ਆਈਟਮ ਦੀ ਪਹੁੰਚ ਫਰਮ ਵੱਲੋਂ ਹੀ ਪ੍ਰੀਖਿਆ ਸ਼ਾਖਾ ਵਿਖੇ ਕਰਵਾਈ ਜਾਵੇਗੀ।
4. ਨਿਯਤ ਮਿਤੀ ਉਪਰੰਤ ਪ੍ਰਾਪਤ ਹੋਣ ਵਾਲੀਆ ਕੁਟੇਸ਼ਨਾਂ ਵਿਚਾਰੀਆਂ ਨਹੀਂ ਜਾਣਗੀਆਂ।
5. ਨਮੂਨੇ ਵਜੋਂ ਲਿਫਾਫਾ ਕੁਟੇਸ਼ਨ ਦੇ ਨਾਲ ਨੱਥੀ ਕੀਤਾ ਜਾਵੇ।
6. ਆਈਟਮ ਦੀ ਗਿਣਤੀ ਵਧਾਈ ਘਟਾਈ ਜਾ ਸਕਦੀ ਹੈ।

ਨੋਟ : ਕਿਸੇ ਕਿਸਮ ਦੀ ਸ਼ਿਕਾਇਤ ਦੀ ਸੂਰਤ ਵਿੱਚ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਫੈਸਲਾ ਅੰਤਿਮ ਮੰਨਿਆ ਜਾਵੇਗਾ।

ਕੰਟਰੋਲਰ (ਪ੍ਰੀਖਿਆਵਾਂ)

Scanned with CamScanner